Every person. Every chance.
EMPLOYMENT | HEALTH | LEARNING

# ਅਸੈਸਮੈਂਟਸ ਆਸਟ੍ਰੇਲੀਆ ਨਵਾਂ ਸਮੀਖਿਆ ਰੈਫ਼ਰਲ ਫਾਰਮ: ਮਾਤਾ/ਪਿਤਾ/ਦੇਖਭਾਲਕਰਤਾ ਸਪੀਚ ਪੈਥੋਲੋਜੀ ਅਸੈਸਮੈਂਟ

ਪਿਆਰੇ ਮਾਤਾ-ਪਿਤਾ/ਦੇਖਭਾਲਕਰਤਾ,

ਤੁਹਾਡੇ ਬੱਚੇ ਨੂੰ ਇਹ ਦੇਖਣ ਲਈ ਬੋਲਣ ਅਤੇ/ਜਾਂ ਭਾਸ਼ਾ ਦੇ ਮੁਲਾਂਕਣ ਲਈ ਭੇਜਿਆ ਗਿਆ ਹੈ ਕਿ ਕੀ ਇਹ ਹੁਨਰ ਇਸ ਗੱਲ 'ਤੇ ਪ੍ਰਭਾਵ ਪਾ ਰਹੇ ਹਨ ਕਿ ਉਹ ਸਕੂਲ ਵਿੱਚ ਕਿਵੇਂ ਸਿੱਖਦਾ ਅਤੇ ਹਿੱਸਾ ਲੈਂਦਾ ਹੈ। ਇਹ ਸਕੂਲ ਨੂੰ ਇਹ ਸਮਝਣ ਵਿੱਚ ਮੱਦਦ ਕਰੇਗਾ ਕਿ ਕੀ ਤੁਹਾਡੇ ਬੱਚੇ ਨੂੰ ਵੱਧ ਕੰਮਕਾਜੀ ਲੋੜਾਂ ਦੇ ਨਾਲ ਇੱਕ ਗੰਭੀਰ ਬੋਲਣ ਅਤੇ/ਜਾਂ ਭਾਸ਼ਾ ਸੰਬੰਧੀ ਵਿਗਾੜ ਹੈ, ਤੁਹਾਡੇ ਬੱਚੇ ਦੀ ਸਹਾਇਤਾ ਕਿਵੇਂ ਕਰਨੀ ਹੈ, ਅਤੇ ਕੀ ਸਕੂਲ ਸਿੱਖਿਆ ਵਿਭਾਗ ਤੋਂ ਵਾਧੂ ਸਰੋਤਾਂ ਲਈ ਅਰਜ਼ੀ ਦੇ ਸਕਦਾ ਹੈ।

ਇਸ ਪ੍ਰਕਿਰਿਆ ਬਾਰੇ ਜਾਣਕਾਰੀ ਹੇਠਾਂ ਦਿੱਤੇ ਪੰਨਿਆਂ 'ਤੇ ਹੈ, ਅਤੇ ਤੁਹਾਨੂੰ ਇਹ ਫਾਰਮ ਅਤੇ ਇੱਕ ਸਹਿਮਤੀ ਫਾਰਮ ਭਰਨ ਦੀ ਲੋੜ ਹੋਵੇਗੀ।

ਕਿਰਪਾ ਕਰਕੇ ਇਸ ਫਾਰਮ ਨੂੰ ਵੱਧ ਤੋਂ ਵੱਧ ਜਾਣਕਾਰੀ ਦੇ ਨਾਲ ਭਰੋ ਅਤੇ ਇਸਨੂੰ ਆਪਣੇ ਬੱਚੇ ਦੇ ਸਕੂਲ ਨੂੰ ਵਾਪਸ ਕਰੋ। ਤੁਹਾਡੇ ਦੁਆਰਾ ਦਿੱਤੀ ਗਈ ਜਾਣਕਾਰੀ ਇਹ ਫ਼ੈਸਲਾ ਲੈਣ ਵਿੱਚ ਸਾਡੀ ਮੱਦਦ ਕਰੇਗੀ ਕਿ ਕੀ ਅਸੈਸਮੈਂਟਸ ਆਸਟ੍ਰੇਲੀਆ ਨਾਲ ਮੁਲਾਂਕਣ ਕੀਤਾ ਜਾ ਸਕਦਾ ਹੈ ਜਾਂ ਨਹੀਂ। ਇਹ ਫ਼ੈਸਲਾ ਲੈਂਦੇ ਸਮੇਂ ਸਮੱਸਿਆਵਾਂ ਦੀ ਪਿਛਲੀ ਜਾਣਕਾਰੀ ਮਹੱਤਵਪੂਰਨ ਹੁੰਦੀ ਹੈ, ਇਸ ਲਈ ਜਿੰਨਾ ਹੋ ਸਕੇ ਇਸ ਜਾਣਕਾਰੀ ਨੂੰ ਪ੍ਰਦਾਨ ਕਰਨਾ ਸਭ ਤੋਂ ਵਧੀਆ ਹੈ।

ਤੁਹਾਡੇ ਦੁਆਰਾ ਸਾਨੂੰ ਦਿੱਤੀ ਜਾਣ ਵਾਲੀ ਜਾਣਕਾਰੀ ਸਾਡੀਆਂ ਰਿਪੋਰਟਾਂ ਵਿੱਚ ਸ਼ਾਮਲ ਕੀਤੀ ਜਾਵੇਗੀ ਅਤੇ ਸਕੂਲ ਵਿੱਚ ਤੁਹਾਡੇ ਬੱਚੇ ਦੀਆਂ ਲੋੜਾਂ ਦਾ ਸਹੀ ਅਤੇ ਪੂਰਾ ਮੁਲਾਂਕਣ ਪ੍ਰਦਾਨ ਕਰਨ ਵਿੱਚ ਮੱਦਦ ਕਰੇਗੀ। ਇਸ ਰਿਪੋਰਟ ਵਿੱਚ ਸਕੂਲ ਵੱਲੋਂ ਵੀ ਜਾਣਕਾਰੀ ਹੋਵੇਗੀ।

ਕਿਰਪਾ ਕਰਕੇ ਧਿਆਨ ਦਿਓ ਕਿ ਇਹ ਫਾਰਮ ਕੰਪਿਊਟਰ 'ਤੇ ਭਰਨ ਲਈ ਬਣਾਇਆ ਗਿਆ ਹੈ। ਜੇਕਰ ਤੁਸੀਂ ਇਸਨੂੰ ਹੱਥ ਨਾਲ ਭਰਨਾ ਚਾਹੁੰਦੇ ਹੋ, ਤਾਂ ਸਕੂਲ ਦੁਆਰਾ ਤੁਹਾਨੂੰ ਇੱਕ ਵੱਖਰਾ ਫਾਰਮ ਦਿੱਤਾ ਜਾ ਸਕਦਾ ਹੈ।

ਜੇਕਰ ਇਸ ਪ੍ਰਕਿਰਿਆ ਬਾਰੇ ਤੁਹਾਡੇ ਕੋਈ ਸਵਾਲ ਹਨ, ਜਾਂ ਇਸ ਫਾਰਮ ਨੂੰ ਭਰਨ ਲਈ ਮੱਦਦ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਕੂਲ ਵਿੱਚ ਰੈਫ਼ਰਲ ਦਾ ਆਯੋਜਨ ਕਰਨ ਵਾਲੇ ਵਿਅਕਤੀ, ਜਾਂ ਅਸੈਸਮੈਂਟਸ ਆਸਟ੍ਰੇਲੀਆ ਨਾਲ 03 9678 5100 'ਤੇ ਸੰਪਰਕ ਕਰੋ ਜਾਂ PSD-AS@assessments.com.au 'ਤੇ ਈਮੇਲ ਕਰੋ। ਇਹ ਫਾਰਮ ਅੰਗਰੇਜ਼ੀ ਵਿੱਚ ਭਰਨ ਵਿੱਚ ਤੁਹਾਡੀ ਮੱਦਦ ਕਰਨ ਲਈ ਸਕੂਲ ਇੱਕ ਦੁਭਾਸ਼ੀਏ ਦਾ ਪ੍ਰਬੰਧ ਵੀ ਕਰ ਸਕਦਾ ਹੈ।

ਤੁਹਾਡਾ ਧੰਨਵਾਦ,

ਅਸੈਸਮੈਂਟਸ ਆਸਟ੍ਰੇਲੀਆ ਟੀਮ ਅਪਾਹਜਤਾ ਵਾਲੇ ਵਿਦਿਆਰਥੀਆਂ ਲਈ ਮੁਲਾਂਕਣ ਸੇਵਾ ਵੈੱਬਸਾਈਟ

Every person. Every chance.
EMPLOYMENT | HEALTH | LEARNING

# ਅਸੈਸਮੈਂਟਸ ਆਸਟ੍ਰੇਲੀਆ ਨਾਲ ਸਪੀਚ ਪੈਥੋਲੋਜੀ ਅਸੈਸਮੈਂਟ: ਮਾਤਾ/ਪਿਤਾ/ਦੇਖਭਾਲਕਰਤਾ

## ਅਸੈਸਮੈਂਟਸ ਆਸਟ੍ਰੇਲੀਆ ਕੌਣ ਹੈ?

ਅਸੈਸਮੈਂਟਸ ਆਸਟ੍ਰੇਲੀਆ ਇੱਕ ਆਤਮ-ਨਿਰਭਰ ਕੰਪਨੀ ਹੈ, ਜੋ MAX ਸਲਿਊਸ਼ਨਜ਼ ਦਾ ਹਿੱਸਾ ਹੈ, ਜੋ ਅਪਾਹਜਤਾ ਵਾਲੇ ਵਿਦਿਆਰਥੀਆਂ ਲਈ ਪ੍ਰੋਗਰਾਮ ਅਤੇ ਅਪਾਹਜਤਾ ਸ਼ਮੂਲੀਅਤ ਲਈ ਅਰਜ਼ੀਆਂ ਵਾਲੇ ਸਕੂਲਾਂ ਦਾ ਸਮਰਥਨ ਕਰਨ ਲਈ ਵਿਦਿਆਰਥੀਆਂ ਦਾ ਮੁਲਾਂਕਣ ਕਰਦੀ ਹੈ। ਇਹ ਸੇਵਾ ਸਕੂਲ ਜਾਂ ਪਰਿਵਾਰ ਨੂੰ ਸਿੱਖਿਆ ਵਿਭਾਗ (DE) ਨਾਲ ਇਕਰਾਰਨਾਮੇ ਰਾਹੀਂ ਬਿਨਾਂ ਕਿਸੇ ਕੀਮਤ ਦੇ ਪ੍ਰਦਾਨ ਕੀਤੀ ਜਾਂਦੀ ਹੈ।

## ਮੇਰੇ ਬੱਚੇ ਨੂੰ ਮੁਲਾਂਕਣ ਲਈ ਕਿਉਂ ਭੇਜਿਆ ਗਿਆ ਹੈ?

ਤੁਹਾਡੇ ਬੱਚੇ ਨੂੰ ਮੁਲਾਂਕਣ ਕਰਵਾਉਣ ਲਈ ਭੇਜਿਆ ਗਿਆ ਹੈ ਕਿਉਂਕਿ ਉਹਨਾਂ ਬਾਰੇ ਸਿੱਖਣ ਸੰਬੰਧੀ ਚਿੰਤਾਵਾਂ ਹਨ ਜੋ ਭਾਸ਼ਾ ਵਿਗਾੜ ਰੋਗ ਜਾਂ ਬੋਲਣ ਸੰਬੰਧੀ ਵਿਗਾੜ ਰੋਗ ਦੇ ਕਾਰਨ ਹੋ ਸਕਦੀਆਂ ਹਨ ਜੋ ਸੰਚਾਰ ਕਰਨ ਬਾਰੇ ਗੁੰਝਲਦਾਰ ਲੋੜਾਂ ਦਾ ਕਾਰਨ ਬਣ ਸਕਦੀਆਂ ਹਨ। ਕੁੱਝ ਬੱਚਿਆਂ ਨੂੰ ਬੋਲਣ ਅਤੇ/ਜਾਂ ਹਿਦਾਇਤਾਂ, ਸ਼ਬਦਾਂ ਅਤੇ ਵਾਕਾਂ ਨੂੰ ਸਮਝਣ ਵਿੱਚ ਮੁਸ਼ਕਲ ਹੁੰਦੀ ਹੈ ਇਸ ਨਾਲ ਉਹਨਾਂ ਲਈ ਸਕੂਲ ਵਿੱਚ ਦੂਜਿਆਂ ਨਾਲ ਸਿੱਖਣਾ ਅਤੇ ਗੱਲਬਾਤ ਕਰਨਾ ਮੁਸ਼ਕਲ ਹੋ ਸਕਦਾ ਹੈ। ਜੇਕਰ ਭਾਸ਼ਾ ਸੰਬੰਧੀ ਵਿਗਾੜ ਰੋਗ ਗੰਭੀਰ ਹੈ ਤਾਂ ਤੁਹਾਡੇ ਬੱਚੇ ਨੂੰ ਸਿੱਖਣ ਲਈ ਵਾਧੂ ਸਹਾਇਤਾ ਦੀ ਲੋੜ ਹੋ ਸਕਦੀ ਹੈ।

ਇਸ ਮੁਲਾਂਕਣ ਲਈ ਅਸੀਂ ਇਹ ਕਰਾਂਗੇ:

- ਤੁਹਾਡੇ ਬੱਚੇ ਦੀ ਗੱਲ ਨੂੰ ਸਮਝਣ ਵਾਲੀ ਭਾਸ਼ਾ ਜਾਂ ਤੁਹਾਡਾ ਬੱਚਾ ਦੂਜੇ ਲੋਕਾਂ ਦੀਆਂ ਗੱਲਾਂ ਨੂੰ ਕਿਵੇਂ ਸਮਝਦਾ ਹੈ, ਇਸ ਬਾਰੇ ਦੇਖਾਂਗੇ
- ਤੁਹਾਡੇ ਬੱਚੇ ਦੀ ਆਪਣੀ ਗੱਲ ਸਮਝਾਉਣ ਦੀ ਭਾਸ਼ਾ ਜਾਂ ਤੁਹਾਡਾ ਬੱਚਾ ਆਪਣੀ ਗੱਲ ਕਹਿਣ ਲਈ ਸ਼ਬਦਾਂ ਅਤੇ ਵਾਕਾਂ ਦੀ ਵਰਤੋਂ ਕਿਵੇਂ ਕਰਦਾ ਹੈ, ਇਸ ਬਾਰੇ ਦੇਖਾਂਗੇ
- ਇੱਕ ਬੋਧਾਤਮਕ (ਸੋਚ ਅਤੇ ਸਮੱਸਿਆ ਹੱਲ ਕਰਨ ਵਾਲੇ) ਮੁਲਾਂਕਣ ਦੀ ਵਰਤੋਂ ਕਰਦੇ ਹੋਏ ਸਿੱਖਣ ਦੇ ਵੱਖ-ਵੱਖ ਖੇਤਰਾਂ ਬਾਰੇ ਦੇਖਾਂਗੇ, ਜੋ ਸਾਨੂੰ ਇਹ ਸਮਝਣ ਵਿੱਚ ਮੱਦਦ ਕਰੇਗਾ ਕਿ ਤੁਹਾਡੇ ਬੱਚੇ ਨੂੰ ਸਕੂਲ ਵਿੱਚ ਮੁਸ਼ਕਲ ਕਿਉਂ ਆ ਰਹੀ ਹੈ।
- ਆਪਣੇ ਬੱਚੇ ਬਾਰੇ ਪਿਛਲੀ ਜਾਣਕਾਰੀ ਬਾਰੇ ਪੁੱਛਾਂਗੇ, ਜਿਵੇਂ ਕਿ ਉਹਨਾਂ ਦੀ ਸ਼ੁਰੂਆਤੀ ਬੋਲੀ ਅਤੇ ਭਾਸ਼ਾ ਦੇ ਵਿਕਾਸ, ਉਹ ਕਿੰਨੇ ਸਮੇਂ ਤੋਂ ਅੰਗਰੇਜ਼ੀ ਬੋਲ ਰਿਹਾ ਹੈ, ਸੁਣਨ ਵਿੱਚ ਕੋਈ ਮੁਸ਼ਕਲ ਅਤੇ ਕੋਈ ਵੀ ਪਿਛਲੇ ਮੁਲਾਂਕਣ ਅਤੇ/ਜਾਂ ਸ਼ੁਰੂਆਤੀ ਦਖ਼ਲ
- ਤੁਹਾਡੇ ਨਾਲ ਅਤੇ ਹੋਰ ਲੋਕਾਂ ਨਾਲ ਗੱਲ ਕਰਾਂਗੇ ਜੋ ਤੁਹਾਡੇ ਬੱਚੇ ਨੂੰ ਚੰਗੀ ਤਰ੍ਹਾਂ ਜਾਣਦੇ ਹਨ।

ਥੋੜ੍ਹੇ ਜਿਹੇ ਬੱਚਿਆਂ ਵਿੱਚ ਗੁੰਝਲਦਾਰ ਸੰਚਾਰ ਲੋੜਾਂ ਹੁੰਦੀਆਂ ਹਨ। ਇਸਦਾ ਮਤਲਬ ਹੈ ਕਿ ਉਹਨਾਂ ਕੋਲ ਬਹੁਤ ਘੱਟ ਜਾਂ ਬਿਲਕੁਲ ਵੀ ਨਹੀਂ ਬੋਲਦੇ ਹਨ, ਜਾਂ ਉਹ ਜੋ ਬੋਲਦੇ ਹਨ ਉਹ ਸਮਝਣਾ ਬਹੁਤ ਔਖਾ ਹੈ। ਇੱਕ ਉਦਾਹਰਨ ਬਚਪਨ ਵਿੱਚ ਬੋਲਣ ਦੇ ਅਪਰੈਕਸੀਆ (CAS) ਦੇ ਕਾਰਨ ਗੰਭੀਰ ਬੋਲਣ ਸੰਬੰਧੀ ਧੁਨੀ ਵਿਕਾਰ ਹੈ, ਜੋ ਉਹਨਾਂ ਦੀ ਸਪੱਸ਼ਟ ਤੌਰ 'ਤੇ ਬੋਲਣ ਅਤੇ ਦੂਜਿਆਂ ਨਾਲ ਗੱਲਬਾਤ ਕਰਨ ਦੀ ਯੋਗਤਾ ਨੂੰ ਪ੍ਰਭਾਵਿਤ ਕਰਦਾ ਹੈ। ਜੇਕਰ ਬੋਲਣ ਦੀ ਯੋਗਤਾ ਦੇ ਮੁਲਾਂਕਣ ਦੀ ਲੋੜ ਹੈ, ਤਾਂ ਅਸੀਂ ਦੇਖਾਂਗੇ ਕਿ ਤੁਹਾਡਾ ਬੱਚਾ ਬੋਲਣ ਦੀਆਂ ਆਵਾਜ਼ਾਂ ਕਿਵੇਂ ਕੱਢਦਾ ਹੈ, ਸ਼ਬਦ ਬਣਾਉਣ ਲਈ ਆਵਾਜ਼ਾਂ ਨੂੰ ਕਿਵੇਂ ਇਕੱਠਾ ਕਰਦਾ ਹੈ, ਅਤੇ ਉਹਨਾਂ ਦੀਆਂ ਬੋਲਣ ਦੀਆਂ ਮਾਸਪੇਸ਼ੀਆਂ ਕਿਵੇਂ ਕੰਮ ਕਰਦੀਆਂ ਹਨ। CAS ਬਹੁਤ ਸਾਰੇ ਬੱਚਿਆਂ ਨੂੰ ਬੋਲਣ ਸੰਬੰਧੀ ਹੋਣ ਵਾਲਿਆਂ ਦੀਆਂ ਸਮੱਸਿਆਵਾਂ ਤੋਂ ਵੱਖਰਾ ਹੈ, ਅਤੇ ਬਹੁਤ ਘੱਟ ਹੁੰਦਾ ਹੈ।

ਜੇਕਰ ਇਸ ਮੁਲਾਂਕਣ ਪ੍ਰਕਿਰਿਆ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ (03) 9678 5100 'ਤੇ ਸਕੂਲ ਜਾਂ ਸਾਡੇ ਦਫ਼ਤਰ ਨਾਲ ਸੰਪਰਕ ਕਰੋ।

max
Every person. Every chance.
EMPLOYMENT | HEALTH | LEARNING

## ਰੈਫ਼ਰਲ ਪ੍ਰਕਿਰਿਆ

ਇਹ ਰੈਫ਼ਰਲ ਕਰਨ ਲਈ ਤੁਹਾਡੇ ਬੱਚੇ ਦੇ ਸਕੂਲ ਨੇ ਸਾਡੇ ਨਾਲ ਸੰਪਰਕ ਕੀਤਾ ਹੈ। ਸਾਨੂੰ ਇਹ ਦੇਖਣ ਲਈ ਤੁਹਾਡੇ ਅਤੇ ਸਕੂਲ ਤੋਂ ਕੁੱਝ ਜਾਣਕਾਰੀ ਲੈਣ ਦੀ ਲੋੜ ਹੈ ਕਿ ਕੀ ਇਹ ਮੁਲਾਂਕਣ ਕਰਨ ਲਈ ਅਸੈਸਮੈਂਟਸ ਆਸਟ੍ਰੇਲੀਆ ਦਾ ਮੁਲਾਂਕਣ ਕਰਨ ਵਾਲਾ ਸਭ ਤੋਂ ਵਧੀਆ ਵਿਅਕਤੀ ਹੈ। ਲੋੜ ਪੈਣ 'ਤੇ ਸਕੂਲ ਫਾਰਮ ਭਰਨ ਵਿੱਚ ਤੁਹਾਡੀ ਮੱਦਦ ਕਰ ਸਕਦਾ ਹੈ ਜਾਂ ਅੰਗਰੇਜ਼ੀ ਵਿੱਚ ਇਹਨਾਂ ਫਾਰਮਾਂ ਨੂੰ ਭਰਨ ਵਿੱਚ ਤੁਹਾਡੀ ਮਦਦ ਕਰਨ ਲਈ ਇੱਕ ਦੁਭਾਸ਼ੀਏ ਦਾ ਪ੍ਰਬੰਧ ਕਰ ਸਕਦਾ ਹੈ। ਕਦੇ-ਕਦੇ ਸਾਡੀ ਸੇਵਾ ਦੁਆਰਾ ਇਹ ਮੁਲਾਂਕਣ ਕਰਨਾ ਤੁਹਾਡੇ ਬੱਚੇ ਲਈ ਸਭ ਤੋਂ ਵਧੀਆ ਮਾਰਗ ਨਹੀਂ ਹੋ ਸਕਦਾ ਹੈ। ਜੇਕਰ ਅਸੀਂ ਸੋਚਦੇ ਹਾਂ ਕਿ ਤੁਹਾਡੇ ਬੱਚੇ ਲਈ ਇਹ ਮਾਮਲਾ ਹੈ, ਤਾਂ ਅਸੀਂ ਸਕੂਲ ਨੂੰ ਇਸ ਬਾਰੇ ਅਤੇ ਇਸਦਾ ਕਾਰਨ ਕੀ ਹੈ, ਬਾਰੇ ਦੱਸਾਂਗੇ।

## ਇਹ ਮੁਲਾਂਕਣ (ਅਸੈਸਮੈਂਟ) ਪ੍ਰਕਿਰਿਆ

ਅਸੀਂ ਤੁਹਾਡੇ ਬੱਚੇ ਲਈ ਭਾਸ਼ਾ ਅਤੇ/ਜਾਂ ਬੋਲੀ ਦਾ ਮੁਲਾਂਕਣ ਕਰਵਾਉਣ ਦਾ ਪ੍ਰਬੰਧ ਕਰਾਂਗੇ। ਸਪੀਚ ਪੈਥੋਲੋਜਿਸਟ ਕੋਲ ਵਿਸ਼ੇਸ਼ ਸਿਖਲਾਈ ਹੁੰਦੀ ਹੈ ਅਤੇ ਉਹ ਤੁਹਾਡੇ ਬੱਚੇ ਦੀ ਭਾਸ਼ਾ ਅਤੇ ਬੋਲਣ ਦੇ ਹੁਨਰ ਦਾ ਮੁਲਾਂਕਣ ਕਰਨ ਲਈ ਸਭ ਤੋਂ ਯੋਗ ਪੇਸ਼ੇਵਰ ਹੁੰਦਾ ਹੈ।

ਅਸੀਂ ਇੱਕ ਬੋਧਾਤਮਕ (ਸੋਚ ਅਤੇ ਸਮੱਸਿਆ-ਹੱਲ) ਮੁਲਾਂਕਣ ਦਾ ਪ੍ਰਬੰਧ ਵੀ ਕਰ ਸਕਦੇ ਹਾਂ ਜੇਕਰ ਉਹਨਾਂ ਦਾ ਪਿਛਲੇ ਦੋ ਸਾਲਾਂ ਵਿੱਚ ਇਹ ਨਹੀਂ ਕੀਤਾ ਗਿਆ ਹੈ। ਇੱਕ ਮਨੋਵਿਗਿਆਨੀ ਆਮ ਤੌਰ 'ਤੇ ਸਾਡੇ ਦੁਆਰਾ ਭਰੇ ਹੋਏ ਫਾਰਮ ਪ੍ਰਾਪਤ ਕਰਨ ਦੇ ਤਿੰਨ ਹਫ਼ਤਿਆਂ ਦੇ ਅੰਦਰ ਬੋਧਾਤਮਕ ਮੁਲਾਂਕਣ ਨੂੰ ਪੂਰਾ ਕਰੇਗਾ।

ਸਕੂਲ ਤੁਹਾਨੂੰ ਦੱਸੇਗਾ ਕਿ ਇਹ ਮੁਲਾਂਕਣ ਹੋਣ ਦਾ ਸਮਾਂ ਕਦੋਂ ਤੈਅ ਕੀਤਾ ਗਿਆ ਹੈ, ਅਤੇ ਮੁਲਾਂਕਣ ਤੋਂ ਬਾਅਦ ਸਪੀਚ ਪੈਥੋਲੋਜਿਸਟ ਅਤੇ/ਜਾਂ ਮਨੋਵਿਗਿਆਨੀ ਨਾਲ ਗੱਲ ਕਰਨ ਲਈ ਤੁਹਾਨੂੰ ਸਕੂਲ ਆਉਣ ਲਈ ਸੱਦਾ ਦੇਵੇਗਾ। ਜੇਕਰ ਕਿਸੇ ਦੁਭਾਸ਼ੀਏ ਦੀ ਲੋੜ ਹੈ, ਤਾਂ ਸਕੂਲ ਇਸਦਾ ਪ੍ਰਬੰਧ ਕਰੇਗਾ। ਕਈ ਵਾਰ ਅਸੀਂ ਮੁਲਾਂਕਣ ਤੋਂ ਪਹਿਲਾਂ ਕੁੱਝ ਜਾਣਕਾਰੀ ਦੀ ਜਾਂਚ ਕਰਨ ਲਈ ਤੁਹਾਨੂੰ ਫ਼ੋਨ ਕਰਾਂਗੇ।

ਬੱਚਿਆਂ ਨੂੰ ਇਸ ਮੁਲਾਂਕਣ ਬਾਰੇ "ਟੈਸਟ" ਸ਼ਬਦ ਦੀ ਵਰਤੋਂ ਕੀਤੇ ਬਿਨਾਂ ਅਰਾਮਦੇਹ ਤਰੀਕੇ ਨਾਲ ਦੱਸਿਆ ਜਾਣਾ ਆਮ ਤੌਰ 'ਤੇ ਸਭ ਤੋਂ ਵਧੀਆ ਹੁੰਦਾ ਹੈ। ਇਹ ਉਹ ਮੁਲਾਂਕਣ ਨਹੀਂ ਹੈ ਜਿਸ ਲਈ ਤੁਹਾਡਾ ਬੱਚਾ ਅਭਿਆਸ ਜਾਂ ਤਿਆਰੀ ਕਰ ਸਕਦਾ ਹੈ। ਮੁਲਾਂਕਣ ਵਾਲੇ ਦਿਨ ਇਹ ਮਹੱਤਵਪੂਰਨ ਹੈ ਕਿ ਤੁਹਾਡਾ ਬੱਚਾ ਤੰਦਰੁਸਤ ਹੈ ਅਤੇ ਉਸ ਨੇ ਕੋਈ ਚੱਲਦੀ ਆਮ ਦਵਾਈ ਲਈ ਹੈ।

ਇੱਥੇ ਵੱਖ-ਵੱਖ ਸਾਧਨ ਹਨ ਜੋ ਸਾਡੇ ਮੁਲਾਂਕਣਕਰਤਾ ਬੱਚਿਆਂ ਦਾ ਮੁਲਾਂਕਣ ਕਰਨ ਲਈ ਵਰਤਦੇ ਹਨ। ਸਾਰੇ ਮੁਲਾਂਕਣ ਸਾਧਨ ਜੋ ਅਸੀਂ ਵਰਤਦੇ ਹਾਂ ਇੱਕੋ ਜਹੀਆਂ ਚੀਜ਼ਾਂ ਨੂੰ ਹੀ ਮਾਪਦੇ ਹਾਂ ਅਤੇ DE ਦੁਆਰਾ ਸਵੀਕਾਰ ਕੀਤੇ ਜਾਂਦੇ ਹਨ।

## ਮੁਲਾਂਕਣ (ਅਸੈਸਮੈਂਟ) ਤੋਂ ਬਾਅਦ

ਸਪੀਚ ਪੈਥੋਲੋਜਿਸਟ ਅਤੇ/ਜਾਂ ਮਨੋਵਿਗਿਆਨੀ ਤੁਹਾਨੂੰ ਮੁਲਾਂਕਣ ਅਤੇ ਉਹਨਾਂ ਚੀਜ਼ਾਂ ਬਾਰੇ ਜਾਣਕਾਰੀ ਦੇਵੇਗਾ ਜੋ ਤੁਸੀਂ ਅਤੇ ਸਕੂਲ ਤੁਹਾਡੇ ਬੱਚੇ ਦੀ ਮੱਦਦ ਲਈ ਕਰ ਸਕਦੇ ਹਨ। ਸਪੀਚ ਪੈਥੋਲੋਜਿਸਟ ਆਮ ਤੌਰ 'ਤੇ ਤੁਹਾਨੂੰ ਇਹ ਦੱਸਣ ਦੇ ਯੋਗ ਹੋਵੇਗਾ ਕਿ ਕੀ ਤੁਹਾਡੇ ਬੱਚੇ ਨੂੰ ਬੋਲਣ ਅਤੇ/ਜਾਂ ਭਾਸ਼ਾ ਸੰਬੰਧੀ ਵਿਗਾੜ ਹੈ, ਪਰ ਕਈ ਵਾਰ ਇਹ ਫ਼ੈਸਲਾ ਕਰਨ ਲਈ ਹੋਰ ਸਮਾਂ ਲੱਗ ਸਕਦਾ ਹੈ। ਕੁੱਝ ਮਾਮਲਿਆਂ ਵਿੱਚ, ਇੱਕ ਹੋਰ

ਮੁਲਾਂਕਣ ਸੈਸ਼ਨ ਦੀ ਲੋੜ ਹੋ ਸਕਦੀ ਹੈ। ਜੇਕਰ ਤੁਸੀਂ ਮੁਲਾਂਕਣ ਤੋਂ ਬਾਅਦ ਸਪੀਚ ਪੈਥੋਲੋਜਿਸਟ ਨਾਲ ਗੱਲ ਕਰਨ ਲਈ ਸਕੂਲ ਨਹੀਂ ਆ ਸਕਦੇ ਹੋ, ਤਾਂ ਉਹ ਤੁਹਾਨੂੰ ਫ਼ੋਨ ਕਰਨਗੇ। ਲੋੜ ਪੈਣ 'ਤੇ ਸਕੂਲ ਦੁਭਾਸ਼ੀਏ ਦਾ ਪ੍ਰਬੰਧ ਕਰੇਗਾ।

ਅਸੀਂ ਮੁਲਾਂਕਣ ਦੇ ਤਿੰਨ ਹਫ਼ਤਿਆਂ ਦੇ ਅੰਦਰ ਮੁਲਾਂਕਣ ਰਿਪੋਰਟ ਸਕੂਲ ਨੂੰ ਭੇਜਾਂਗੇ।। ਸਕੂਲ ਤੁਹਾਨੂੰ ਰਿਪੋਰਟ ਦੀ ਇੱਕ ਕਾਪੀ ਦੇਵੇਗਾ, ਜਿਸ ਵਿੱਚ ਤੁਹਾਡੇ ਬੱਚੇ ਦੀ ਮੱਦਦ ਕਰਨ ਲਈ ਕੁੱਝ ਨੁਕਤੇ ਸ਼ਾਮਲ ਹੋਣਗੇ। ਜਦੋਂ ਤੁਸੀਂ ਰਿਪੋਰਟ ਪ੍ਰਾਪਤ ਕਰਦੇ ਹੋ, ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਤੁਸੀਂ ਸਾਨੂੰ 9678 5100 'ਤੇ ਫ਼ੋਨ ਕਰ ਸਕਦੇ ਹੋ। ਸਕੂਲ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਵਿੱਚ ਵੀ ਮੱਦਦ ਕਰ ਸਕਦਾ ਹੈ।

## ਜੇਕਰ ਮੇਰੇ ਬੱਚੇ ਨੂੰ ਭਾਸ਼ਾ ਵਿੱਚ ਗੰਭੀਰ ਵਿਗਾੜ ਅਤੇ ਉੱਚ ਲੋੜਾਂ ਹਨ ਤਾਂ ਕੀ ਹੋਵੇਗਾ?

ਜੇਕਰ ਤੁਹਾਡੇ ਬੱਚੇ ਨੂੰ ਭਾਸ਼ਾ ਵਿੱਚ ਗੰਭੀਰ ਵਿਗਾੜ ਜਾਂ ਗੁੰਝਲਦਾਰ ਸੰਚਾਰ ਸੰਬੰਧੀ ਲੋੜਾਂ ਹਨ, ਤਾਂ ਸਕੂਲ ਉਹਨਾਂ ਨੂੰ ਪੜ੍ਹਾਉਣਾ ਅਤੇ ਸਿੱਖਣ ਵਿੱਚ ਉਹਨਾਂ ਦੀ ਮੱਦਦ ਕਰਨਾ ਜਾਰੀ ਰੱਖੇਗਾ। ਲੋੜ ਪੈਣ 'ਤੇ ਉਹ ਆਪਣੇ ਸਿੱਖਣ ਦੇ ਪ੍ਰੋਗਰਾਮ ਵਿੱਚ ਬਦਲਾਅ ਕਰਨਗੇ ਅਤੇ ਇੱਕ ਵਿਅਕਤੀਗਤ ਸਿੱਖਿਆ ਯੋਜਨਾ ਲਾਗੂ ਕਰਨੀ ਸ਼ੁਰੂ ਕਰਨਗੇ। ਤੁਹਾਡੇ ਬੱਚੇ ਦੀਆਂ ਲੋੜਾਂ ਅਤੇ ਤਰੱਕੀ ਬਾਰੇ ਗੱਲ ਕਰਨ ਲਈ ਇੱਕ ਵਿਦਿਆਰਥੀ ਸਹਾਇਤਾ ਸਮੂਹ ਸਥਾਪਤ ਕੀਤਾ ਜਾਵੇਗਾ। ਮੁਲਾਂਕਣ ਰਿਪੋਰਟਾਂ ਉਹ ਜਾਣਕਾਰੀ ਦੇਣਗੀਆਂ ਜੋ ਤੁਹਾਨੂੰ ਅਤੇ ਸਕੂਲ ਨੂੰ ਤੁਹਾਡੇ ਬੱਚੇ ਦੀ ਸਿੱਖਣ ਵਿੱਚ ਮੱਦਦ ਕਰਨ ਵਿੱਚ ਸਹਾਇਤਾ ਕਰਨਗੀਆਂ। ਜੇਕਰ ਤੁਹਾਡੇ ਬੱਚੇ ਦੀਆਂ ਵੀ ਕਈ ਖੇਤਰਾਂ ਵਿੱਚ ਉੱਚ ਲੋੜਾਂ ਹਨ, ਸਕੂਲ ਅਪਾਹਜ ਵਿਦਿਆਰਥੀਆਂ ਲਈ ਪ੍ਰੋਗਰਾਮ (PSD) ਜਾਂ ਡਿਸਏਬਿਲਟੀ ਇਨਕਲੂਜ਼ਨ (DI) ਰਾਹੀਂ ਵਾਧੂ ਸਰੋਤਾਂ ਲਈ ਅਰਜ਼ੀ ਦੇ ਸਕਦਾ ਹੈ। ਹੋਰ ਸੇਵਾਵਾਂ ਜਿਵੇਂ ਕਿ ਰਾਸ਼ਟਰੀ ਅਪੰਗਤਾ ਬੀਮਾ ਯੋਜਨਾ (NDIS) ਵੀ ਤੁਹਾਡੇ ਬੱਚੇ ਦੀ ਮੱਦਦ ਕਰਨ ਦੇ ਯੋਗ ਹੋ ਸਕਦੀਆਂ ਹਨ।

## ਜੇਕਰ ਮੇਰੇ ਬੱਚੇ ਨੂੰ ਭਾਸ਼ਾ ਵਿੱਚ ਗੰਭੀਰ ਵਿਗਾੜ ਅਤੇ ਉੱਚ ਲੋੜਾਂ ਨਹੀਂ ਹਨ ਤਾਂ ਕੀ ਹੋਵੇਗਾ?

ਜੇਕਰ ਤੁਹਾਡੇ ਬੱਚੇ ਨੂੰ ਭਾਸ਼ਾ ਵਿੱਚ ਗੰਭੀਰ ਵਿਗਾੜ ਜਾਂ ਗੁੰਝਲਦਾਰ ਸੰਚਾਰ ਸੰਬੰਧੀ ਲੋੜਾਂ ਨਹੀਂ ਹਨ, ਤਾਂ ਸਕੂਲ ਉਹਨਾਂ ਨੂੰ ਪੜ੍ਹਾਉਣਾ ਜਾਰੀ ਰੱਖੇਗਾ ਅਤੇ ਉਹਨਾਂ ਦੀ ਸਿੱਖਣ ਵਿੱਚ ਮੱਦਦ ਕਰੇਗਾ। ਮੁਲਾਂਕਣ ਰਿਪੋਰਟਾਂ ਉਹ ਜਾਣਕਾਰੀ ਦੇਣਗੀਆਂ ਜੋ ਤੁਹਾਨੂੰ ਅਤੇ ਸਕੂਲ ਨੂੰ ਤੁਹਾਡੇ ਬੱਚੇ ਦੀ ਸਿੱਖਣ ਵਿੱਚ ਮੱਦਦ ਕਰਨ ਵਿੱਚ ਸਹਾਇਤਾ ਕਰਨਗੀਆਂ। ਸਕੂਲਾਂ ਵਿੱਚ ਭਾਸ਼ਾ ਜਾਂ ਸਿੱਖਣ ਵਿੱਚ ਮੁਸ਼ਕਲਾਂ ਵਾਲੇ ਬੱਚਿਆਂ ਦੀ ਮੱਦਦ ਕਰਨ ਲਈ ਕਈ ਤਰ੍ਹਾਂ ਦੇ ਪ੍ਰੋਗਰਾਮ ਉਪਲਬਧ ਹਨ, ਜਿਵੇਂ ਕਿ ਲੈਂਗੁਏਜ਼ ਐਂਡ ਲਰਨਿੰਗ ਡਿਸਏਬਿਲਟੀ ਸਪੋਰਟ ਪ੍ਰੋਗਰਾਮ ਜਾਂ ਹੋਰ ਡਿਸਏਬਿਲਟੀ ਇਨਕਲੂਜ਼ਨ ਸਪੋਰਟ। ਤੁਸੀਂ ਸਕੂਲ ਨਾਲ ਇਸ ਬਾਰੇ ਗੱਲ ਕਰ ਸਕਦੇ ਹੋ ਕਿ ਉਹ ਤੁਹਾਡੇ ਬੱਚੇ ਦੀ ਕਿਵੇਂ ਮੱਦਦ ਕਰਨਗੇ।

## ਮੁੱਖ ਸ਼ਬਦਾਵਲੀ

ਅਪਾਹਜਤਾ ਵਾਲੇ ਵਿਦਿਆਰਥੀਆਂ ਲਈ ਪ੍ਰੋਗਰਾਮ (PSD): PSD ਪ੍ਰੋਗਰਾਮ ਸਰਕਾਰੀ ਸਕੂਲਾਂ ਨੂੰ ਅਪਾਹਜਤਾ ਅਤੇ ਵੱਧ ਲੋੜਾਂ ਵਾਲੇ ਵਿਦਿਆਰਥੀਆਂ ਦੀ ਸਹਾਇਤਾ ਕਰਨ ਲਈ ਵਾਧੂ ਮਾਲੀ ਸਹਾਇਤਾ ਪ੍ਰਦਾਨ ਕਰਦਾ ਹੈ।

ਅਪਾਹਜਤਾ ਸ਼ਮੂਲੀਅਤ: ਅਪਾਹਜਤਾ ਸ਼ਾਮਲ ਕਰਨਾ ਅਪਾਹਜ ਵਿਦਿਆਰਥੀਆਂ ਲਈ ਸਹਾਇਤਾ ਨੂੰ ਵਧਾਏਗਾ ਅਤੇ ਵਿਕਟੋਰੀਆ ਦੇ ਸਰਕਾਰੀ ਸਕੂਲਾਂ ਵਿੱਚ 2021 ਦੀ ਟਰਮ 4 ਤੋਂ ਪੰਜ ਸਾਲਾਂ ਵਿੱਚ ਪੜਾਅਵਾਰ ਤਰੀਕੇ ਰਾਹੀਂ ਸ਼ੁਰੂ ਕੀਤਾ ਜਾਵੇਗਾ। 2025 ਦੇ ਅੰਤ ਤੱਕ, ਅਪਾਹਜਤਾ ਸ਼ਮੂਲੀਅਤ ਸਾਰੇ ਸਕੂਲਾਂ ਵਿੱਚ ਅਪਾਹਜ ਵਿਦਿਆਰਥੀਆਂ ਲਈ ਪ੍ਰੋਗਰਾਮ ਦੀ ਥਾਂ ਲਵੇਗਾ। ਨਵੀਂ ਅਪਾਹਜਤਾ ਸ਼ਮੂਲੀਅਤ

ਪ੍ਰੋਫਾਈਲ ਦੀ ਵਰਤੋਂ ਸਕੂਲਾਂ ਅਤੇ ਪਰਿਵਾਰਾਂ ਨੂੰ ਵਿਦਿਆਰਥੀਆਂ ਦੀ ਸਿੱਖਿਆ ਅਤੇ ਸਹਾਇਤਾ ਦੀਆਂ ਲੋੜਾਂ ਨੂੰ ਸਮਝਣ ਵਿੱਚ ਮੱਦਦ ਕਰਨ ਲਈ ਕੀਤੀ ਜਾਵੇਗੀ। ਤੁਹਾਡੇ ਬੱਚੇ ਦਾ ਸਕੂਲ ਤੁਹਾਨੂੰ ਦੱਸੇਗਾ ਜਦੋਂ ਤੁਹਾਡੇ ਸਕੂਲ ਵਿੱਚ ਅਪਾਹਜਤਾ ਸ਼ਮੂਲੀਅਤ ਪ੍ਰੋਗਰਾਮ ਸ਼ੁਰੂ ਹੋਵੇਗਾ।

ਭਾਸ਼ਾ ਵਿਗਾੜ ਰੋਗ: ਕਿਸੇ ਵਿਅਕਤੀ ਦਾ ਕੀਤਾ ਗਿਆ ਰੋਗ-ਪਛਾਣ ਜਿਸਨੂੰ ਇਹ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ ਕਿ ਦੂਜੇ ਲੋਕ ਕੀ ਕਹਿੰਦੇ ਹਨ ਅਤੇ/ਜਾਂ ਸੰਚਾਰ ਕਰਨ ਲਈ ਸ਼ਬਦਾਂ ਅਤੇ ਵਾਕਾਂ ਦੀ ਵਰਤੋਂ ਕਰਨ ਵਿੱਚ ਮੁਸ਼ਕਲ ਆਉਂਦੀ ਹੈ। ਇਸਨੂੰ ਕਈ ਵਾਰ ਵਿਕਾਸ ਸੰਬੰਧੀ ਭਾਸ਼ਾ ਵਿਕਾਰ (DLD) ਕਿਹਾ ਜਾਂਦਾ ਹੈ।

ਗੱਲ ਸਮਝਣ ਵਾਲੀ ਭਾਸ਼ਾ: ਦੂਜੇ ਲੋਕ ਕੀ ਕਹਿੰਦੇ ਹਨ ਦੇ ਸ਼ਬਦਾਂ, ਵਾਕਾਂ ਅਤੇ ਅਰਥਾਂ ਨੂੰ ਸਮਝਣ ਦੀ ਯੋਗਤਾ।

ਗੱਲ ਕਹਿਣ ਵਾਲੀ ਭਾਸ਼ਾ: ਵਿਚਾਰਾਂ ਨੂੰ ਸ਼ਬਦਾਂ ਅਤੇ ਵਾਕਾਂ ਵਿੱਚ ਸੰਚਾਰ ਕਰਨ ਦੀ ਸਮਰੱਥਾ।

ਬੋਧਾਤਮਕ ਮੁਲਾਂਕਣ: ਇੱਕ ਮਨੋਵਿਗਿਆਨੀ ਦੁਆਰਾ ਕੀਤਾ ਗਿਆ ਇੱਕ ਮੁਲਾਂਕਣ ਜੋ ਇੱਕ ਵਿਅਕਤੀ ਦੀ ਸੋਚ ਅਤੇ ਸਮੱਸਿਆ ਹੱਲ ਕਰਨ ਦੇ ਹੁਨਰਾਂ ਨੂੰ ਵੇਖਦਾ ਹੈ ਜੋ ਸਿੱਖਣ ਲਈ ਮਹੱਤਵਪੂਰਨ ਹੁੰਦੇ ਹਨ।

ਗੁੰਝਲਦਾਰ ਸੰਚਾਰ ਲੋੜਾਂ: ਕਿਸੇ ਵਿਅਕਤੀ ਦੀਆਂ ਅਜਿਹੀਆਂ ਲੋੜਾਂ ਜਿਸ ਕੋਲ ਘੱਟ ਜਾਂ ਬਿਲਕੁਲ ਵੀ ਕੰਮਕਾਜੀ ਬੋਲਣ ਦੀ ਸਮਰੱਥਾ ਨਹੀਂ ਹੈ, ਜਾਂ ਜੋ ਯੋਗ ਬੋਲਦੇ ਹਨ ਉਹ ਸਮਝਣਾ ਮੁਸ਼ਕਲ ਹੈ। ਅਜਿਹੇ ਵਿਅਕਤੀ ਨੂੰ ਆਮ ਤੌਰ 'ਤੇ ਗੱਲ ਕਰਨ ਵਿੱਚ ਮੱਦਦ ਕਰਨ ਲਈ ਹੋਰ ਤਰੀਕਿਆਂ ਦੀ ਲੋੜ ਹੋਵੇਗੀ ਜਿਵੇਂ ਕਿ ਮੁੱਖ ਸ਼ਬਦਾਂ  ਦੇ ਚਿੰਨ੍ਹ, ਤਸਵੀਰ ਚਿੰਨ੍ਹ, ਸੰਚਾਰ ਕਿਤਾਬਾਂ ਅਤੇ/ਜਾਂ ਭਾਸ਼ਣ ਬਣਾਉਣ ਵਾਲੇ ਯੰਤਰ।

ਬੋਲਣ ਸੰਬੰਧੀ ਧੁਨੀ ਵਿਕਾਰ: ਬੋਲ-ਚਾਲ ਵਾਲੇ ਸ਼ਬਦਾਂ ਨੂੰ ਬਣਾਉਣ ਵਾਲੀਆਂ ਆਵਾਜ਼ਾਂ ਨੂੰ ਬੋਲਣ ਵਿੱਚ ਮੁਸ਼ਕਲ।

ਬੋਲਣ ਸੰਬੰਧੀ ਬਚਪਨ ਦਾ ਅਪ੍ਰੈਕਸੀਆ (CAS): ਇੱਕ ਬੋਲਣ ਵਾਲੀ ਧੁਨੀ ਵਿਕਾਰ ਹੈ ਜੋ ਵਿਅਕਤੀ ਦੀ ਬੋਲੀ ਵਿੱਚ ਵਰਤੀਆਂ ਜਾਣ ਵਾਲੀਆਂ ਮਾਸਪੇਸ਼ੀਆਂ ਦੀਆਂ ਹਰਕਤਾਂ ਨੂੰ ਸੰਗਠਿਤ ਕਰਨ ਦੀ ਯੋਗਤਾ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਬਹੁਤ ਘੱਟ ਹੁੰਦਾ ਹੈ।

ਮਨੋਵਿਗਿਆਨੀ: ਸੋਚਣ ਅਤੇ ਸਮੱਸਿਆ ਹੱਲ ਕਰਨ ਦੇ ਹੁਨਰ ਦੇ ਮੁਲਾਂਕਣ ਵਿੱਚ ਵਿਸ਼ੇਸ਼ ਸਿਖਲਾਈ ਪ੍ਰਾਪਤ ਪੇਸ਼ੇਵਰ।

ਸਪੀਚ ਪੈਥੋਲੋਜਿਸਟ: ਭਾਸ਼ਾ ਅਤੇ ਸੰਚਾਰ ਹੁਨਰ ਦੇ ਮੁਲਾਂਕਣ ਵਿੱਚ ਵਿਸ਼ੇਸ਼ ਸਿਖਲਾਈ ਪ੍ਰਾਪਤ ਪੇਸ਼ੇਵਰ, ਜਿਸ ਵਿੱਚ ਭਾਸ਼ਾ ਦੀਆਂ ਸ਼ਕਤੀਆਂ ਅਤੇ ਚੁਣੌਤੀਆਂ ਦੀ ਜਾਂਚ ਅਤੇ ਪਛਾਣ ਕਰਨਾ ਸ਼ਾਮਲ ਹੈ।

ਵਿਅਕਤੀਗਤ ਸਿੱਖਿਆ ਯੋਜਨਾ (IEP): IEP ਅਧਿਆਪਕ ਦੀ ਬੱਚੇ ਦੀਆਂ ਸਿੱਖਣ ਦੀਆਂ ਲੋੜਾਂ ਲਈ ਯੋਜਨਾ ਬਣਾਉਣ ਅਤੇ ਸਹਾਇਤਾ ਕਰਨ ਵਿੱਚ ਮੱਦਦ ਕਰਦਾ ਹੈ।

ਵਿਦਿਆਰਥੀ ਸਹਾਇਤਾ ਸਮੂਹ (SSG): ਅਧਿਆਪਕ ਅਤੇ ਪਰਿਵਾਰ ਸਮੇਤ ਇੱਕ ਸਮੂਹ, ਜੋ ਵਿਦਿਆਰਥੀ ਦੀਆਂ ਲੋੜਾਂ ਦੀ ਪਛਾਣ ਕਰਨ, ਇੱਕ IEP ਵਿਕਸਿਤ ਕਰਨ ਅਤੇ ਵਿਦਿਆਰਥੀ ਦੀ ਤਰੱਕੀ ਦੀ ਨਿਗਰਾਨੀ ਕਰਨ ਲਈ ਮਿਲਕੇ ਕੰਮ ਕਰਦਾ ਹੈ।

ਲੈਂਗੁਏਜ਼ ਐਂਡ ਲਰਨਿੰਗ ਡਿਸਏਬਿਲਟੀ ਸਪੋਰਟ ਪ੍ਰੋਗਰਾਮ: ਇਹ ਭਾਸ਼ਾ ਅਤੇ/ਜਾਂ ਹੋਰ ਸਿੱਖਣ ਸੰਬੰਧੀ ਅਪਾਹਜਤਾ ਵਾਲੇ ਵਿਦਿਆਰਥੀਆਂ ਲਈ ਅਧਿਆਪਨ ਅਤੇ ਸਿਖਲਾਈ ਪ੍ਰੋਗਰਾਮਾਂ ਦਾ ਸਮਰਥਨ ਕਰਨ ਲਈ ਸਕੂਲਾਂ ਨੂੰ ਵਾਧੂ ਸਰੋਤ ਪ੍ਰਦਾਨ ਕਰਦਾ ਹੈ।

***ਜੇਕਰ ਤੁਸੀਂ ਹੇਠਾਂ ਦਿੱਤੇ ਪੰਨਿਆਂ 'ਤੇ ਸਵਾਲਾਂ ਨੂੰ ਸਮਝਣ ਅਤੇ ਜਵਾਬ ਦੇਣ ਵਿੱਚ ਤੁਹਾਡੀ ਮੱਦਦ ਕਰਨ ਲਈ ਦੁਭਾਸ਼ੀਏ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰੋ।**